IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਸਵਰਾਜਬੀਰ ਦੇ ਨਾਟਕ ' ਕੱਲਰ ' ਦੇ ਪ੍ਰਮੁੱਖ ਵਿਚਾਰਧਾਰਾਈ ਆਧਾਰ

ਮਨਪ੍ਰੀਤ ਕੌਰ

ਅਸਿਸਟੈਂਟ ਪ੍ਰੋਫੈਸਰ , ਪੋਸਟ ਗਰੈਜੂਏਟ ਪੰਜਾਬੀ ਵਿਭਾਗ , ਖ਼ਾਲਸਾ ਕਾਲਜ ਫ਼ਾਰ ਵਿਮੈਨ ,

ਸਿਵਲ ਲਾਈਨਜ਼ , ਲੁਧਿਆਣਾ ।

## ਸਾਰ

ਸਵਰਾਜਬੀਰ ਦਾ ਨਾਟਕ 'ਕੱਲਰ' ਅਜੋਕੇ ਪੰਜਾਬ ਦੇ ਯਥਾਰਥ ਦੀ ਤਸਵੀਰ ਨੂੰ ਪੇਸ਼ ਕਰਦਾ ਨਾਟਕ ਹੈ। ਇਹ ਨਾਟਕ ਖੁਸ਼ਹਾਲੀ ਪਿੱਛੇ ਦੌੜ ਰਹੇ ਬੰਦੇ ਦੀ ਕਹਾਣੀ ਹੈ ਜੋ ਪਰਵਾਸ ਦਾ ਰਾਹ ਚੁਣਦਾ ਹੋਇਆ ਅਨੇਕਾਂ ਸਮੱਸਿਆਵਾਂ ਵਿੱਚ ਗ੍ਰਸਤ ਹੋ ਜਾਂਦਾ ਹੈ । ਕੋਈ ਵੀ ਸਮੱਸਿਆ ਇਕ ਪਾਸੜ ਨਹੀਂ ਹੁੰਦੀ ਸਗੋ ਉਸ ਨਾਲ ਜੁੜੇ ਅਨੇਕਾਂ ਹੋਰ ਮਸਲੇ ਹੁੰਦੇ ਹਨ ਜਿੰਨ੍ਹਾਂ ਦੀਆਂ ਪਰਤਾਂ ਨੂੰ ਨਾਟਕਕਾਰ ਨੇ ਬਾਖੂਬੀ ਖੋਲਿਆ ਹੈ। ਪਰਵਾਸ ਦੀ ਹੋਣੀ ਤੇ ਦੁਖਾਂਤ , ਵਿੱਦਿਅਕ ਊਣਤਾਈਆਂ , ਅਧੂਰੇ ਸੁਪਨੇ ਤੇ ਅਕਾਂਖਿਆਵਾਂ , ਮਨੁੱਖੀ ਹਿੱਤ , ਮੱਧਵਰਗੀ ਪਰਿਵਾਰ ਦੀਆਂ ਆਰਥਿਕ ਤੇ ਸਮਾਜਿਕ ਵਿਸੰਗਤੀਆਂ , ਰਾਜਨੀਤੀ ਦੇ ਗੰਦਲੇ ਸਿਸਟਮ, ਰਿਸਤਿਆਂ ਵਿੱਚ ਆਈ ਦਰਾੜ ,ਨੌਜਵਾਨਾਂ ਦੇ ਭਵਿੱਖ ਲਈ ਸਜਾਏ ਟੁੱਟਦੇ ਸੁਪਨੇ ਆਦਿ ਵਿਸ਼ਿਆ ਨੂੰ ਹਥਲੇ ਪੇਪਰ ਵਿੱਚ ਵਿਚਾਰਨ ਦੀ ਸਫਲ ਕੋਸ਼ਿਸ਼ ਕੀਤੀ ਗਈ ਹੈ । ਨਾਟਕਕਾਰ ਨੇ 'ਕੱਲਰ' ਸ਼ਬਦ ਨੂੰ ਮੈਟਾਫਰ ਦੇ ਤੌਰ ਤੇ ਲਿਆ ਹੈ ਜੋ ਸਮਕਾਲੀ ਸਮਾਜ ਦੇ ਹਰ ਖੇਤਰ ਵਿੱਚ ਫੈਲਿਆ ਹੋਇਆ ਹੈ । ਇੱਕ ਕੱਲਰ ਉਹ ਜੋ ਕੁਦਰਤੀ ਤੌਰ ਤੇ ਜ਼ਮੀਨ ਨੂੰ ਲੱਗਾ ਘੁਣ ਵਾਂਗ ਖਾ ਰਿਹਾ ਹੈ ਦੂਜਾ ਉਹ ਜੋ ਮਨੁੱਖ ਨੂੰ ਮਾਨਸਿਕ ਰੋਗੀ ਬਣਾ ਰਿਹਾ ਹੈ । ਮੱਧਵਰਗੀ ਪਰਿਵਾਰ ਅੱਜ ਵੀ ਕੱਲਰ ਹੀ ਭੋਗ ਰਹੇ ਹਨ । ਘੱਟ ਜ਼ਮੀਨਾਂ , ਗਰੀਬੀ ,ਬੇਰੁਜ਼ਗਾਰੀ ਦੇ ਕਾਰਨ ਅਜੋਕਾ ਨੌਜਵਾਨ ਸੁਨਹਿਰੇ ਭਵਿੱਖ ਲਈ ਵਿਦੇਸ਼ ਲਈ ਉਡਾਰੀ ਭਰਦਾ ਹੈ ਪਰ ਉੱਥੇ ਜਾ ਕੇ ਉਸਦੀਆਂ ਮੁਸ਼ਕਿਲਾਂ ਹੋਰ ਵੱਧ ਜਾਂਦੀਆਂ ਹਨ । ਟਰੈਵਲ ਏਜੰਟਾ ਦੀ ਧੋਖੇਬਾਜੀ ਨਸਲੀ ਵਿਤਕਰਾ ,ਆਰਥਿਕ ਪਰੇਸ਼ਾਨੀਆਂ , ਨਿੱਜੀ ਸੁਆਰਥ , ਡਿਪੋਰਟ ਹੋਣਾ ਆਦਿ ਚੁਣੌਤੀਆਂ ਉਸ ਨੂੰ ਡੂੰਘੀ ਨਿਰਾਸ਼ਾ ਦੀ ਦਲਦਲ ਵਿੱਚ ਧਕੇਲ ਦਿੰਦੀਆਂ ਹਨ । ਅੱਜ ਦੇ ਵਿਸ਼ਵੀਕਰਨ ਦੌਰ ਵਿੱਚ ਹਰ ਇਨਸਾਨ ਆਪਣੇ ਨਿੱਜੀ ਸੁਆਰਥ ਨੂੰ ਪਹਿਲ ਦਿੰਦਾ ਹੈ ।

**ਵਿਸ਼ੇਸ਼ ਸ਼ਬਦ :** ਪਰਵਾਸ ਦੀ ਹੋਣੀ ਤੇ ਦੁਖਾਂਤ , ਵਿੱਦਿਅਕ ਊਣਤਾਈਆਂ, ਨਵ-ਪੂੰਜੀਵਾਦ, ਮੰਡੀਕਰਨ , ਬੇਰੁਜ਼ਗਾਰੀ ,ਰਿਸ਼ਤਿਆਂ ਵਿੱਚ ਦਰਾੜ

।

ਪੰਜਾਬੀ ਸਾਹਿਤ-ਜਗਤ ਵਿੱਚ ਬਹੁਤ ਸਾਰੇ ਨਾਟਕਕਾਰਾਂ ਨੇ ਆਪਣੀ ਨਾਟ-ਰਚਨਾ ਰਾਹੀਂ ਨਾਟ-ਸਾਹਿਤ ਵਿੱਚ ਆਈ ਖੜੋਤ ਨੂੰ ਖਤਮ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ । ਨਾਟ-ਸਿਰਜਣਾ ਕਰਨ ਵਾਲੇ ਨਾਟਕਕਾਰਾਂ ਵਿੱਚੋਂ ਚੌਥੀ ਪੀੜ੍ਹੀ ਦਾ ਨਾਟਕਕਾਰ ਸਵਰਾਜਬੀਰ ਇੱਕ ਅਜਿਹਾ ਨਾਟਕਕਾਰ ਹੈ ਜਿਸ ਨੇ ਪੰਜਾਬੀ ਨਾਟਕ ਇੱਕ ਨਵਾਂ ਮੁਹਾਂਦਰਾਂ ਅਤੇ ਆਪਣੇ ਵਿਚਾਰਾਂ ਨੂੰ ਨਵੀਨ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਸਵਰਾਜਬੀਰ ਨੇ ਪੰਜਾਬੀ ਸਾਹਿਤ-ਜਗਤ ਵਿੱਚ ਪ੍ਰਵੇਸ਼ ਭਾਵੇਂ ਕਵਿਤਾ ਨਾਲ ਕੀਤਾ, ਪਰ ਉਸਦੀ ਪ੍ਰਸਿੱਧੀ ਨਾਟਕੀ ਖੇਤਰ ਵਿੱਚ ਹੀ ਰਹੀ ਹੈ। ਉਸ ਨੇ ਹੁਣ ਤੱਕ ' ਧਰਮ ਗੁਰੂ ' (1999), ' ਕ੍ਰਿਸ਼ਨ ' (2001), 'ਮੇਦਨੀ' (2002), 'ਸ਼ਾਇਰੀ' (2004), 'ਕੱਲਰ' (2007), 'ਮੱਸਿਆ ਦੀ ਰਾਤ' (2013), 'ਹੱਕ' (2015), 'ਅਗਨੀ ਕੁੰਡ' (2016), 'ਤਸਵੀਰਾਂ' (2018) ਆਦਿ ਪ੍ਰਕਾਸ਼ਿਤ ਹੋ ਚੁੱਕੇ ਹਨ । ਉਸਦੇ ਪਹਿਲੇ ਚਾਰ ਨਾਟਕ ਜਿੱਥੇ ਇਤਿਹਾਸਕ, ਮਿਥਿਹਾਸਕ ਅਤੇ ਅਧਿਆਤਮਕ ਵਿਸ਼ਿਆਂ ਨਾਲ ਸਬੰਧ ਰੱਖਦੇ ਹਨ, ਉੱਥੇ ਹੀ ਉਸਨੇ 'ਕੱਲਰ' ਨਾਟਕ ਵਿੱਚ ਸਮਕਾਲੀ ਯਥਾਰਥ ਨੂੰ ਪੇਸ਼ ਕੀਤਾ ਹੈ। ਉਸ ਦੀ ਨਾਟ-ਰਚਨਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਸਮਾਜ ਵਿੱਚ ਰਹਿੰਦਾ ਹੋਇਆ ਆਮ ਲੋਕਾਂ ਦੇ ਜਨ-ਜੀਵਨ ਨੂੰ ਡੂੰਘੀ ਬੌਧਿਕ ਦ੍ਰਿਸ਼ਟੀ ਤੋਂ ਵਿਚਾਰਦਾ ਹੋਇਆ ਉਸਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿੰਦਾ ਅਤੇ ਉਨ੍ਹਾਂ ਦੇ ਜੀਵਨ ਵਿੱਚ ਆਈਆਂ ਵਿਸੰਗਤੀਆਂ, ਉਲਝਣਾਂ ਨੂੰ ਆਪਣੇ ਨਾਟਕਾਂ ਦਾ ਵਿਸ਼ਾ ਬਣਾਉਂਦਾ ਹੈ। ਸਮਕਾਲੀ ਸਮਾਜ ਵਿੱਚ ਅਨੇਕਾਂ ਮਸਲੇ ਭਖਦੇ ਹਨ ਜਿੰਨ੍ਹਾਂ ਨੂੰ ਉਸਨੇ ਆਪਣੇ ਨਾਟਕ 'ਕੱਲਰ' ਵਿੱਚ ਉਭਾਰਿਆ ਹੈ। ਇਹ ਨਾਟਕ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਆਦਿ ਸਰੋਕਾਰਾਂ ਨੂੰ ਉਸਾਰਦਾ ਹੋਇਆ ਸਮਕਾਲੀ ਮਨੁੱਖ ਦੀਆਂ ਉਲਝਣਾਂ ਅਤੇ ਨੌਜਵਾਨ ਪੀੜ੍ਹੀ ਦੇ ਧੁੰਦਲੇ ਭਵਿੱਖ ਨੂੰ ਨੰਗਿਆ ਕਰਦਾ ਹੈ ।'ਕੱਲਰ' ਸ਼ਬਦ ਦੇ ਅਰਥਾਂ ਨੂੰ ਉਸਨੇ ਦੋਹਰੇ ਪ੍ਰਸੰਗ ਵਿੱਚ ਪੇਸ਼ ਕੀਤਾ ਹੈ। 'ਕੱਲਰ' ਅਜਿਹਾ ਮੈਟਾਫਰ ਹੈ ।ਇੱਕ 'ਕੱਲਰ' ਉਹ ਹੈ ਜੋ ਕੁਦਰਤੀ ਤੌਰ ਤੇ ਜ਼ਮੀਨ ਨੂੰ ਲੱਗਿਆ ਹੋਇਆ ਹੈ ਅਤੇ ਦੂਸਰਾ 'ਕੱਲਰ' ਉਹ ਜੋ ਮਨੁੱਖੀ ਸੋਚ ਨੂੰ ਖੋਖਲਾ ਕਰ ਰਿਹਾ ਹੈ। ਨਵੀਂ ਨੌਜ ਵਾਨ ਪੀੜ੍ਹੀ ਤੇ ਪੁਰਾਣੀ ਪੀੜ੍ਹੀ ਦੋਵਾਂ ਦੀ ਸੋਚ ਤੇ ਮਾਨਸਿਕਤਾ ਵੱਖਰੀ ਭਾਂਤ ਦੀ ਹੈ। ਪੁਰਾਣੀ ਪੀੜ੍ਹੀ ਜੋ ਮਿਹਨਤ ਕਰਕੇ 'ਕੱਲਰ' ਜ਼ਮੀਨ ਨੂੰ ਉਪਜਾਊ ਬਣਾਉਣ ਦਾ ਹੌਸਲਾ ਰੱਖਦੀ ਹੈ, ਦੂਜੇ ਪਾਸੇ ਨੌਜਵਾਨ ਪੀੜ੍ਹੀ ਖੇਤੀਬਾੜ੍ਹੀ ਦੇ ਧੰਦੇ ਨੂੰ ਗਿਰਾਵਟ ਵੱਲ ਜਾ ਰਿਹਾ ਧੰਦਾ ਕਹਿ ਕੇ ਪਰਵਾਸ ਦਾ ਰਾਹ ਅਖ਼ਤਿਆਰ ਕਰਦੀ ਹੈ। ਅਜੋਕਾ ਨੌਜਵਾਨ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਲਾਲਸਾ ਕਾਰਨ ਬਾਹਰਲੇ ਮੁਲਕਾਂ ਦੀ ਸੁਨਹਿਰੀ ਚਕਾਚੌਂਧ ਵੱਲ ਖਿੱਚਿਆ ਜਾ ਰਿਹਾ ਹੈ। ਰਿਸ਼ਵਤਖੋਰੀ, ਸਿਫਾਰਸ਼ੀ ਸਿਸਟਮ, ਵਿਸ਼ਵੀਕਰਨ ਅਤੇ ਨਿੱਜੀਕਰਨ ਦੇ ਮਾੜੇ ਪ੍ਰਭਾਵ ਕਾਰਨ ਕਿਸਾਨੀ ਧੰਦਾ ਸੰਕਟ ਵੱਲ ਧੱਸਦਾ ਜਾ ਰਿਹਾ ਹੈ। ਜਿਸ ਕਾਰਨ ਜਿਮੀਦਾਰੀ ਹੋਂਦ ਅੱਜ ਖਤਰੇ ਵਿੱਚ ਹੈ। ਵਿਸ਼ਵੀਕਰਨ, ਨਿੱਜੀਕਰਨ ਅਤੇ ਨਵ-ਪੂੰਜੀਵਾਦ ਨੇ ਸਮਾਜਿਕ, ਆਰਥਿਕ, ਸੱਭਿਆਚਾਰਕ ਪੱਖ ਤੋਂ ਮਨੁੱਖ ਦੀ ਮਾਨਸਿਕਤਾ ਅਤੇ ਜੀਵਨ-ਜਾਂਚ ਨੂੰ ਧੁਰ ਅੰਦਰ ਤੱਕ ਪ੍ਰਭਾਵਿਤ ਕੀਤਾ ਹੈ। ਆਰਥਿਕ ਵਿਸੰਗਤੀਆਂ ਦੇ ਕਾਰਨ ਨੌਜਵਾਨ ਖੇਤੀਬਾੜੀ ਕਰਨ ਤੋਂ ਨੱਕ ਵੱਟਦਾ ਹੋਇਆ ਲੱਖਾਂ ਰੁਪਏ ਖਰਚ ਕਰਕੇ ਵਿਦੇਸ਼ ਜਾਣ ਨੂੰ ਤਰਜੀਹ ਦਿੰਦਾ ਹੈ। ਏਜੰਟਾਂ ਦੇ ਹੱਥੇ ਚੜੇ ਨੌਜਵਾਨ ਕਾਨੂੰਨੀ ਤੇ ਗੈਰ-ਕਾਨੂੰਨੀ ਢੰਗ ਅਪਣਾਉਣ ਲਈ ਵੀ ਮਜ਼ਬੂਰ ਹੁੰਦੇ ਹਨ ।'ਕੱਲਰ' ਨਾਟਕ ਬਾਰੇ ਜਸਵੀਰ ਕੌਰ ਦੇ ਵਿਚਾਰ ਗੌਲਣਯੋਗ ਹਨ :

'ਅਜੋਕੇ ਸਮਾਜ ਵਿੱਚ ਨੌਜਵਾਨਾਂ ਦੀ ਸਥਿਤੀ ਨੂੰ ਪੇਸ਼ ਕਰਦਾ 'ਕੱਲਰ' ਪੰਜਾਬੀ ਨੌਜਵਾਨ ਪੀੜ੍ਹੀ ਦੇ ਪੰਜਾਬੀਆਂ ਦੀ ਮਾਨਸਿਕ ਦਸ਼ਾ ਨੂੰ ਦਰਸਾਉਂਦਾ ਹੈ। ਪੈਸੇ ਦੀ ਥੋੜ੍ਹ ਤੇ ਆਸ ਸਦਕਾ ਉਨ੍ਹਾਂ ਵਿਦੇਸ਼ ਜਾਣ ਦੀ ਤਾਂਘ ਹੈ, ਪਰ ਉੱਥੋਂ ਦੀ ਕਠੋਰ ਜਿੰਦਗੀ ਦੇ ਤਣਾਅ ਸਦਕਾ ਪ੍ਰੇਸ਼ਾਨ ਹੋ ਜਾਂਦੇ ਹਨ। ਵਿਦੇਸ਼ਾ ਵਿੱਚ ਜਾ ਕੇ ਨੌਜਵਾਨਾਂ ਦਾ ਜੀਵਨ ਖੁਸ਼ਹਾਲ ਨਹੀਂ ਸਗੋਂ ਹੋਰ ਦੁਸ਼ਵਾਰੀਆਂ ਭਰਿਆ ਹੋ ਜਾਂਦਾ ਹੈ। ਧੋਖੇਬਾਜ ਏਜੰਟਾਂ ਦੀ ਘਟੀਆ ਚਾਲਾਂ ਵਿੱਚ ਫਸ ਜਾਂਦਾ ਹੈ।" [1]

ਏਜੰਟ ਟੂਰਿਸਟ ਵੀਜ਼ਾ ਲਗਾ ਕੇ ਨੌਜਵਾਨਾਂ ਤੋਂ ਵੱਧ ਤੋਂ ਵੱਧ ਪੈਸੇ ਬਟੋਰ ਲੈਂਦੇ ਹਨ। ਉੱਥੇ ਜਾ ਕੇ ਉਸਦਾ ਹਰ ਜਾਇਜ਼ ਨਜਾਇਜ਼ ਕੰਮ ਕਰਨ ਲਈ ਮਜਬੂਰ ਹੋਣਾ, ਲੁਕ- ਛਿਪ ਰਹਿਣਾ, ਨਸਲੀ ਵਿਤਕਰਿਆਂ ਦਾ ਸ਼ਿਕਾਰ, ਟਰੈਵਲ ਏਜੰਟਾਂ ਦੀ ਧੱਕੇਸ਼ਾਹੀ ਪੁਲਿਸ ਵੱਲੋਂ ਫੜੇ ਜਾਣ ਤੋਂ ਬਾਅਦ ਡੀਪੋਰਟ ਹੋਣ ਦਾ ਡਰ ਆਦਿ ਅਨੇਕਾਂ ਹੀ ਸਮੱਸਿਆਵਾਂ ਵਿੱਚ ਘਿਰ ਜਾਂਦਾ ਹੈ। ਇਹੀ ਨਹੀਂ ਉਹਨਾਂ ਨੂੰ ਇਕੱਲਤਾ ਦਾ ਅਹਿਸਾਸ , ਸਭਿਆਚਾਰਕ

ਵੱਖਰਤਾ , ਬਿਗਾਨੇ ਮੁਲਕ ਵਿੱਚ ਆਪਣੀ ਹੋਂਦ ਨੂੰ ਖਤਰਾ , ਆਪਣੀ ਮਾਤ –ਭੂਮੀ ਲਈ ਉਦਾਸਹੀਣਤਾ ਵਰਗੇ ਦਰਦ ਵਿੱਚੋਂ ਵੀ ਗੁਜ਼ਰਨਾ ਪੈਂਦਾ ਹੈ। ਇਸ਼ਦੀ ਪੁਸ਼ਟੀ ਨਿਮਨ ਵਾਰਤਾਲਾਪ ਤੋਂ ਕੀਤੀ ਜਾ ਸਕਦੀ ਹੈ—

ਦਲਬੀਰ : ਕਾਲਾ ਪਾਣੀ ਇਹ ਨਈਂ ਆ ਭਾਊ ਜੀ !....ਕਾਲਾ ਪਾਣੀ ਤੇ ਉਹ ਸੀ ਜਿੱਥੇ ਮੈਂ ਗਿਆ ਸੀ... ਏਥੋਂ ਮੈਂ ਰੁਮਾਨੀਆਂ ਗਿਆ ਤੇ ਉਥੋਂ ਗਰੀਸ... ਪੈਸੇ ਮੁੱਕ ਗਏ ਤੇ ਫਿਰ ਏਜੰਟਾਂ ਦੇ ਦਲਾਲਾਂ ਹੱਥ...ਕਦੇ ਕਿਸੇ ਫਾਰਮ ਤੇ ਕੰਮ ਤੇ ਕਦੇ ਕਿਸੇ ਕਾਰਖਾਨੇ 'ਚ... ਸਭ ਕੁਝ ਇਲਲੀਗਲ, ਗੈਰ- ਕਾਨੂੰਨੀ...ਲੁਕ ਛਿਪ ਕੇ ਰਹਿਣਾ ,ਮਜ਼ਬੂਰੀ ਵੀ ਥੋੜ੍ਹੀ ਤੇ ਉੱਤੋਂ ਡਰ ਕਿ ਸ਼ਿਕਾਇਤ ਨਾ ਹੋ ਜੇ .... ਤੇ ਫਿਰ ਸਾਡੇ 'ਚੋਂ ਕੁਝ ਮੁੰਡੇ ਇਟਲੀ ਚਲੇ ਗਏ,....ਸੁਣਿਆ , ਉੱਥੇ ਹਾਲਾਤ ਕੁਝ ਚੰਗੇ ਆ.... ਸਾਡੀ ਸਲਾਹ ਜਰਮਨੀ ਜਾਣ ਦੀ ਸੀ ..... ਪਰ ਉਥੇ ਜਾਣ ਦੀ ਗੱਲ ਨਾ ਬਣੀ....ਫਿਰ ਇਕ ਗਰੀਕੀ ਏਜੰਟ ਨਾਲ ਗੱਲ ਕਰਕੇ ਇਟਲੀ ਜਾਣ ਲਈ ਇਕ ਸਟੀਮਰ 'ਤੇ ਬਹਿ ਗਏ ....ਸਟੀਮਰ ਮਤਲਬ ਛੋਟਾ ਜਿਹਾ ਸਮੁੰਦਰੀ ਜਹਾਜ਼ ... ਨਿੱਕਾ ਜਿਹਾ ਕਮਰਾ , ਨੇਰਾ ਘੁੱਪ ...ਤੇ ਅਸੀਂ ਬੱਤੀ ਜਣੇ ...ਹਿੰਦੋਸਤਾਨੀ , ਪਾਕਿਸਤਾਨੀ , ਬੰਗਲਾਦੇਸੀ .... ਨਾ , ਸਾਹ ਆਵੇ ਨਾ ਹਿੱਲਣ ਨੂੰ ਥਾਂ ! [2].

ਨੌਜਵਾਨ ਇਕੱਲਾ ਹੀ ਮੁਸ਼ਕਿਲਾਂ ਨਹੀਂ ਝਲਦਾ ਸਗੋਂ ਉਸਦੇ ਪੂਰੇ ਪਰਿਵਾਰ ਨੂੰ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਦੇਸ਼ ਵਿੱਚ ਰਹਿੰਦਾ ਪੰਜਾਬੀ ਭਾਈਚਾਰਾ ਆਪਣੇ ਪੰਜਾਬੀ ਭਰਾਵਾਂ ਦੀ ਮਦਦ ਕਰਨ ਦੀ ਬਜਾਏ ਆਪਣੇ ਨਿੱਜੀ ਸਵਾਰਥਾਂ ਨੂੰ ਪਹਿਲ ਦਿੰਦਾ ਹੈ । ਜਿਵੇਂ ਨਾਟਕ ਵਿੱਚ ਗਰੇਵਾਲ ਦਲਬੀਰ ਤੇ ਉਸਦੇ ਸਾਥੀਆਂ ਤੋਂ ਪੈਸਿਆਂ ਦੀ ਮੰਗ ਕਰਦਾ ਹੈ। ਡਾ. ਜਸਵਿੰਦਰ ਸਿੰਘ ਲਿਖਦੇ ਹਨ :

" ਪਰਵਾਸ ਦਾ ਆਰਥਿਕ ਵਰਤਾਰਾ , ਆਪਣੀਆਂ ਮੂਲ ਪ੍ਰੇਰਨਾਵਾਂ , ਯਥਾਰਥਕ ਪਰਿਸਥਿਤੀਆਂ ਅਤੇ ਉਤਪੰਨ ਪਰਿਣਾਮਾਂ , ਪ੍ਰਤਿਕਰਮਾਂ ਦੇ ਦ੍ਰਿਸ਼ਟੀਕੋਣ ਤੋਂ ਆਧੁਨਿਕ ਯੁੱਗ ਦਾ ਬਹੁ – ਚਰਚਿਤ , ਫੈਸਲਾਕੁੰਨ ਅਤੇ ਅਤਿਅੰਤ ਜਟਿਲ ਵਰਤਾਰਾ ਹੈ। ਪੰਜਾਬੀ ਸਭਿਆਚਾਰ ਦੇ ਗਤੀਸ਼ੀਲ ,ਪਹਿਲਕਦਮੀ ਅਤੇ ਵਚਿੱਤਰ ਮੂਲਕ ਸੁਭਾਅ ਕਾਰਣ ਇਸ ਦੇ ਹੋਰ ਵਿਭਿੰਨ ਪਾਸਾਰਾਂ ਵਿੱਚੋਂ ਪਿਛਲੀ ਇਕ ਸਦੀ ਤੋਂ ਪੰਜਾਬੀਆਂ ਦਾ ਵਿਕਸਿਤ ਮੁਲਕਾਂ ਵਲ ਬੇਪਨਾਹ ਕਾਨੂੰਨੀ ਪਰ ਜ਼ਿਆਦਾਤਰ ਗੈਰ – ਕਾਨੂੰਨੀ ਪਰਵਾਸ ਇਤਿਹਾਸ ਅਤਿਅੰਤ ਰੋਚਕ ਅਤੇ ਵਿਲੱਖਣ ਰਿਹਾ ਹੈ। ਪਰਵਾਸੀਆਂ ਦੀ ਬੇਇੰਤਹਾ ਹੋੜ ਨੇ ਜਿੱਥੇ ਸਾਡੀ ਸਭਿਆਚਾਰਕ ਬਣਤਰ ਦੀਆਂ ਕਈ ਤੰਦਾਂ ਤਾਰਾਂ ਨੂੰ ਪ੍ਰਭਾਵਿਤ ਕੀਤਾ ਹੈ ,ਉੱਥੇ ਪਰਵਾਸ ਕਰ ਗਏ ਪੰਜਾਬੀਆਂ ਦੇ ਮੂਲੋਂ ਨਵੇਂ ਅਤੇ ਵਚਿੱਤਰ ਅਨੁਭਵਾਂ , ਬਦਲਦੀ ਜਾਂ ਸਥਿਰ ਮਨੋ ਸਰੰਚਨਾ , ਵਿਕਸਿਤ ਪੂੰਜੀਵਾਦੀ ਆਰਥਿਕ ਕਾਰਜ ਵਿਹਾਰਾਂ ਦੇ ਬਹੁ – ਦਿਸ਼ਾਵੀ ਕੋਣਾਂ ਨੇ ਨਵੀਂ ਪ੍ਰਕਾਰ ਦੀ ਸੰਵੇਦਨਾ , ਸਰੋਕਾਰਾਂ ਅਤੇ ਸਮੱਸਿਆਵਾਂ ਨੂੰ ਜਨਮ ਦਿੱਤਾ ਹੈ। "[3]

ਹਥਲੇ ਨਾਟਕ ਵਿੱਚ ਦਲਬੀਰ ਨਾਂ ਦੇ ਪਾਤਰ ਨੂੰ ਪੁਲਿਸ ਵੱਲੋਂ ਪਕੜਿਆ ਜਾਣਾ, ਜੇਲ੍ਹ ਭੇਜਣਾ ਫਿਰ ਡੀਪੋਰਟ ਕਰਕੇ ਵਾਪਿਸ ਭੇਜਣਾ ਆਦਿ ਘਟਨਾਵਾਂ ਦਲਬੀਰ ਦੀ ਮਾਨਸਿਕ ਅਵਸਥਾ ਨੂੰ ਝੰਜੋੜ ਕੇ ਰੱਖ ਦਿੰਦੀਆਂ ਹਨ। ਉਹ ਆਪਣੀ ਸੋਚ ਵਿੱਚ ਫੈਲੇ ਕੱਲਰ ਨੂੰ ਸਾਫ ਕਰਨ ਦੀ ਗੱਲ ਕਰਦਾ ਹੈ। ਵਾਪਿਸ ਆਪਣੇ ਦੇਸ ਪਰਤ ਕੇ ਦਲਬੀਰ ਦਾ ਆਪਣੀ ਮਿੱਟੀ ਪ੍ਰਤੀ ਮੋਹ ਜਾਗਦਾ ਹੈ। ਇਸ ਦੀ ਪੁਸ਼ਟੀ ਦਲਬੀਰ ਦੀ ਆਪਣੇ ਮਾਪਿਆ ਨਾਲ਼ ਕੀਤੀ ਨਿਮਨ ਵਾਰਤਾਲਾਪ ਤੋਂ ਹੁੰਦੀ ਹੈ:

ਦਲਬੀਰ : (ਰੋਂਦਾ ਹੋਇਆ) ਤੁਸੀਂ ਕਿਸਮਤ ਵਾਲੇ ਓ ਭਾਊ ਜੀ .... ਕਿਸਮਤ ਵਾਲੇ ! ਤੁਹਾਨੂੰ ਇਹ ਤਾਂ ਪਤਾ ਲੱਗ ਗਿਆ ਕਿ ਤੁਸੀਂ ਕੱਲਰ ਭੰਨਣਾ ਏ .... ਤੇ ਤੁਸੀਂ ਕੱਲਰ ਭੰਨ ਵੀ ਲਿਆ ! ਮੈਨੂੰ ਤੇ ਇਹ ਵੀ ਨਈਂ ਪਤਾ ਕਿ ਮੈਂ ਕੀ ਕਰਨਾ ਏ ਤੇ ਕੀ ਨਈਂ ਕਰਨਾ ! ਮੇਰੀ ਹਾਲਤ ਉਸ ਹਿਰਨ ਵਰਗੀ ਏ ਜਿਹੜਾ ਜੰਗਲ ਵਿੱਚ ਕਲਤੂਰੀ ਲੱਭਣ ਤੁਰਿਆ ਸੀ,ਪਰ ਜਿਹਦੇ ਸਿੰਗ ਪਹਿਲੇ ਹੀ ਰੁੱਖ ਨਾਲ਼ ਅੜ ਗਏ .... ਉਹ ਓਥੇ ਈ ਡਿੱਗ ਪਿਆ ਤੇ ਜੰਗਲੀ ਜਾਨਵਰਾਂ ਨੇ ਮਾਰ ਖਾਧਾ ... ਤੁਸੀਂ ਬਾਹਰ ਦੇ ਕੱਲਰ ਦੀ ਗੱਲ ਕਰਦੇ ਓ , ਮੈਨੂੰ ਤਾਂ ਐਂ ਲਗਦਾ ਏ ਜਿਵੇਂ ਮੇਰੇ ਅੰਦਰ ਵੀ ਕੱਲਰ ਲੱਗ ਗਿਆ ਹੋਵੇ .... ![4]

ਸਾਡੇ ਮੁਲਕ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਵੀ ਹੈ ਕਿ ਨੌਜਵਾਨਾਂ ਦਾ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਰੁਜ਼ਗਾਰ ਨਾ ਮਿਲਣਾ। ਸਿਆਸੀ ਲੀਡਰਾਂ ਵੱਲੋਂ ਬੇਰੁਜ਼ਗਾਰੀ, ਗਰੀਬੀ ਅਤੇ ਰਿਸ਼ਵਤਖੋਰੀ ਆਦਿ ਅਜਿਹੀਆਂ ਸਮੱਸਿਆਵਾਂ ਪੈਦਾ ਕਰਕੇ ਆਮ ਵਿਅਕਤੀ ਨੂੰ ਆਰਥਿਕ ਪੱਖੋਂ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿਉਂਕਿ ਆਰਥਿਕ ਸਥਿਤੀ ਕਿਸੇ ਵੀ ਸਮਾਜਿਕ ਢਾਂਚੇ ਦੀ ਨੀਂਹ ਹੁੰਦੀ ਹੈ ਜਿਸ ਦੇ ਸਹਾਰੇ ਪੂਰਾ ਸਿਸਟਮ ਚਲਦਾ ਹੈ। ਪਰ ਇਹੀ ਕਮਜ਼ੋਰ ਹੋਵੇ ਤਾਂ ਸਮਾਜ ਵਿੱਚ ਰਹਿੰਦੇ ਸਧਾਰਨ ਵਿਅਕਤੀ ਦੀ ਜ਼ਿੰਦਗੀ ਤਣਾਅ ਭਰਪੂਰ ਹੋ ਜਾਂਦੀ ਹੈ। ਉਸਨੂੰ ਆਪਣਾ ਆਰਥਿਕ ਜੀਵਨ ਪੱਧਰ ਡੂੰਘੇ ਹਨੇਰੇ ਵੱਲ ਜਾਂਦਾ ਦਿਖਾਈ ਦਿੰਦਾ ਹੈ।ਸਮਾਜ ਵਿਚ ਰਾਜਨੀਤਿਕ ਕੱਲਰ ਦੀਆਂ ਜੜ੍ਹਾਂ ਹਰ ਖੇਤਰ ਵਿਚ ਫੈਲੀਆਂ ਹੋਈਆਂ ਹਨ। ਹਥਲੇ ਨਾਟਕ ਦਾ ਪਾਤਰ ਦਰਸ਼ਨ ਸਿੰਘ ਕਾਮਰੇਡ ਸਮਾਜ ਫੈਲੇ ਕੱਲਰ ਨੂੰ ਖ਼ਤਮ ਕਰਨਾ ਚਾਹੁੰਦਾ ਹੈ ਤੇ ਲੋਕਾਂ ਦੀ ਸੋਚ ਨੂੰ ਕ੍ਰਾਂਤੀਕਾਰੀ ਤਾਂ ਬਣਾਉਣਾ ਚਾਹੁੰਦਾ ਹੈ ਪਰ ਉਹ ਅਸਫ਼ਲ ਰਹਿੰਦਾ ਹੈ। ਦਰਸ਼ਨ ਸਿੰਘ ਦੇ ਬੋਲ ਹਨ –

" ਨਹੀਂ ਭੱਜਾ , ਗੁਰਦਿਆਲ ਸਿਹਾਂ ....ਉਹ ਕੱਲਰ ਸਾਥੋਂ ਨਈਂ ਭੱਜਾ ! ਸੋਚਿਆ ਸੀ .... ਦੁਨੀਆਂ ਬਦਲ ਕੇ ਰੱਖ ਦਿਆਂਗੇ ....ਦੁਨੀਆਂ .... [5]

ਮੰਡੀਕਰਨ ਦਾ ਅਸਰ ਬਹੁਤ ਹੀ ਭਿਆਨਕ ਹੈ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ ਜ਼ਿਮੀਦਾਰ ਆਪਣੀਆਂ ਜ਼ਮੀਨਾਂ ਵੇਚ ਆਪਣੇ ਬੱਚਿਆਂ ਨੂੰ ਬਾਹਰਲੇ ਮੁਲਕ ਭੇਜਣ ਨੂੰ ਤਰਜੀਹ ਦੇ ਰਿਹਾ ਹੈ। ਨਿੱਜੀ ਕੰਪਨੀਆਂ ਦਾ ਬੋਲਬਾਲਾ ਵੱਧਦਾ ਜਾ ਰਿਹਾ ਹੈ। ਵਪਾਰੀ ਲੋਕ ਜ਼ਮੀਨਾਂ ਖ਼੍ਰੀਦ ਪਿੰਡਾਂ ਵਿੱਚ ਕਲੋਨੀਆਂ ਬਣਾ ਰਹੇ ਹਨ। ਸਰਕਾਰ ਧੜਾ-ਧੜ ਸਰਕਾਰੀ, ਪ੍ਰਾਈਵੇਟ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਤਾਂ ਖੋਲ੍ਹ ਰਹੀ ਹੈ ਪਰ ਪੜ੍ਹੇ ਲਿਖੇ ਨੌਜਵਾਨ ਨੂੰ ਨੌਕਰੀ ਦੇਣ ਲਈ ਕੋਈ ਪ੍ਰਬੰਧ ਨਹੀਂ। ਇਹੀ ਕਾਰਨ ਹੈ ਕਿ ਨੌਜਵਾਨ ਪੜ ਲਿਖ ਕੇ ਡਿਗਰੀਆਂ ਲੈ ਕੇ ਹੀਣ-ਭਾਵਨਾ ਦਾ ਸ਼ਿਕਾਰ ਹੋ ਰਿਹਾ ਹੈ। ਸਰਕਾਰੀ ਨੌਕਰੀ ਲੈਣ ਲਈ ਬਹੁਤ ਪੈਸਾ ਹੋਵੇ ਜਾਂ ਫਿਰ ਸਿਫਾਰਸ਼ ਹੋਵੇ। ਨਾਟਕ ਵਿੱਚ ਸੰਤੋਖ ਨਾਂ ਦਾ ਪਾਤਰ ਵਿਅੰਗ ਕਰਦਾ ਆਖਦਾ ਹੈ—

ਸੰਤੋਖ —ਬਿਲਕੁਲ ਠੀਕ ਕਿਹਾ ਈ..ਸਰਕਾਰੀ ਨੌਕਰੀ ਲਈ ਜਾਂ ਤਾਂ ਪਹੁੰਚ ਚਾਹੀਦੀ ਐ ਤੇ ਜਾਂ ਫਿਰ ਪੈਸਾ...ਅੱਵਲ ਤਾਂ ਦੋਵੇਂ ਈ।[6]

ਵਿਸ਼ਵੀਕਰਨ ਨੇ ਸਮਕਾਲੀ ਸਮਾਜ ਨੂੰ ਆਪਣੇ ਲਪੇਟ ਵਿੱਚ ਲਿਆ ਹੋਇਆ ਹੈ। ਸਮਾਜ ਦੀ ਸੋਚ ਤੇ ਮਾਨਸਿਕਤਾ ਚੇ ਵੀ ਪੂੰਜੀਵਾਦ ਭਾਰੂ ਹੋ ਗਿਆ ਹੈ।ਸਮਾਜ ਵਿੱਚ ਰਿਸ਼ਤਿਆ ਦੀ ਬੁਨਿਆਦ ਵੀ ਪੈਸੇ ਦੇ ਪੱਖ ਤੋਂ ਹੀ ਤਹਿ ਕੀਤੀ ਜਾਂਦੀ ਹੈ। ਦੂਜੇ ਸ਼ਬਦਾਂ ਵਿੱਚ ਕਹਾਂ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਵਿਆਹ ਵਰਗੇ ਪਵਿੱਤਰ ਰਿਸ਼ਤੇ ਦਾ ਵੀ ਹੁਣ ਸੌਦਾ ਹੋਣ ਲੱਗ ਪਿਆ ਹੈ। ਸਾਡੇ ਵਡੇਰਿਆਂ ਵੱਲੋਂ ਦਿੱਤੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਪਾਸੇ ਰੱਖ ਕੇ ਸਿਰਫ ਪੈਸੇ ਨੂੰ ਹੀ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਆਧੁਨਿਕ ਸਮਾਜ ਵਿੱਚ ਰਿਸ਼ਤਿਆਂ ਦਾ ਤਾਣਾ ਉਲਝਿਆ ਪਿਆ ਹੈ। ਮਨੁੱਖ ਦੇ ਵਾਧੂ ਖਰਚਿਆਂ ਨੇ ਉਸਨੂੰ ਕਰਜਾਈ ਕਰ ਦਿੱਤਾ ਹੈ। ਪਿਉ ਆਪਣੀ ਧੀ ਦਾ ਵਿਆਹ ਕਰਕੇ ਉਸਦੀ ਜ਼ਿਮੇਵਾਰੀ ਤੋਂ ਮੁਕਤ ਨਹੀਂ ਹੁੰਦਾ ਸਗੋਂ ਆਪਣੀ ਧੀ ਦਾ ਘਰ ਵਸਾਉਣ ਲਈ ਆਪਣੀ ਹੈਸੀਅਤ ਤੋਂ ਵੱਧ ਕੇ ਦਾਜ ਦੇਣਾ, ਸਹੁਰੇ ਘਰ ਵਿੱਚ ਉਸਦੀ ਇੱਜ਼ਤ ਤੇ ਰੁਤਬਾ ਉੱਚਾ ਕਰਨ ਲਈ ਹਰ ਆਰਥਿਕ

ਮਦਦ ਲਈ ਤਿਆਰ ਰਹਿੰਦਾ ਹੈ, ਫਿਰ ਚਾਹੇ ਕਰਜ਼ਾ ਕਿਉਂ ਨਾ ਚੁੱਕਣਾ ਪਵੇ। ਨਾਟਕ ਵਿੱਚ ਪਾਤਰ ਗੁਰਮੀਤ ਕੌਰ, ਜੋ ਸਮਾਜ ਦੀ ਰੂੜੀਵਾਦੀ ਸੋਚ ਦਾ ਸ਼ਿਕਾਰ ਹੁੰਦੀ ਹੋਈ ਆਪਣੇ ਬਾਪ ਤੋਂ ਜਾਇਦਾਦ ਤੇ ਹੱਕ ਜਮਾਉਂਦੀ ਹੈ ਅਤੇ ਸਮਾਜ ਤੇ ਆਪਣੇ ਸਹੁਰੇ ਪਰਿਵਾਰ ਵਿੱਚ ਰੁਤਬਾ ਉੱਚਾ ਬਣਾਈ ਰੱਖਣ ਲਈ ਪੈਸਿਆ ਦੀ ਮੰਗ ਕਰਦੀ ਹੈ। ਉਸਨੂੰ ਆਪਣੇ ਬਾਪ ਦੀ ਆਰਥਿਕ ਹਾਲਾਤ ਦਾ ਭਲੀਭਾਂਤ ਅੰਦਾਜ਼ਾ ਹੈ ਫਿਰ ਵੀ ਉਹ ਆਪਣੇ ਸਮਾਜ ਸਾਹਮਣੇ ਆਪਣੀ ਫੋਕੀ ਟੌਹਰ ਦਿਖਾਉਣਾ ਚਾਹੁੰਦੀ ਹੈ। ਇਸ ਦੀ ਪੁਸ਼ਟੀ ਹੇਠ ਲਿਖੀ ਵਾਰਤਾਲਾਪ ਤੋਂ ਕੀਤੀ ਜਾ ਸਕਦੀ ਹੈ :

ਗੁਰਮੀਤ : ਵੇਖੋ ਬੀਜੀ, ਮੇਰੇ ਜੇਠ ਨੇ ਆਪਣੇ ਸ਼ੈਲਰ ਆਲੇ ਤੋਂ ਪੰਜਾਹ ਹਜ਼ਾਰ ਰੁਪਿਆ ਲੈ ਕੇ ਆਉਣਾ ਐ! ਮੈਨੂੰ ਨਈਂ ਪਤਾ....ਤੁਸੀਂ ਜਿੱਦਾ ਕਿੱਦਾ ਵੀ ਹੁੰਦਾ ਐ , ਮੇਰਾ ਘਰ ਪੂਰਾ ਕਰੋ ! ਨਈਂ ਤੇ ਓਥੇ ਨੱਕ ਨੱਕ ਵੱਢਿਆ ਜਾਣੈ....ਮੇਰਾ ਵੀ ਤੇ ਤੁਹਾਡਾ ਵੀ । ਨਾਲੇ ਉਹ ਕਹਿੰਦੇ ਆ ਪਈ ਅਗਲੇ ਵਰ੍ਹੇ ਮੋੜ ਦਿਆਂਗੇ ! [7]

ਉਸਦਾ ਬਾਪ ਗੁਰਦਿਆਲ ਸਿੰਘ ਆਰਥਿਕ ਪੱਖੋ ਪਹਿਲਾਂ ਹੀ ਕਮਜ਼ੋਰ ਹੋ ਚੁੱਕਾ ਸੀ ਕਿਉਂਕਿ ਉਸਨੇ ਆਪਣੀ ਜ਼ਮੀਨ ਬੈਅ ਕਰਕੇ ਆੜਤੀਏ ਤੋਂ ਕਰਜਾ ਲੈ ਕੇ ਆਪਣੇ ਪੁੱਤ ਨੂੰ ਵਿਦੇਸ਼ ਭੇਜਿਆ ਸੀ। ਬਾਕੀ ਰਹਿੰਦੀ ਜ਼ਮੀਨ ਵੀ ਹੁਣ ਵਿਕਣ ਕਿਨਾਰੇ ਸੀ ਉਹ ਆਪਣੀ ਧੀ ਦੀ ਮਦਦ ਜ਼ਮੀਨ ਵੇਚ ਕੇ ਹੀ ਕਰ ਸਕਦਾ ਸੀ। ਜ਼ਮੀਨਾਂ ਵਾਲੇ ਜੱਟ ਬੇਜ਼ਮੀਨੇ ਹੋ ਗਏ ਹਨ। ਆਰਥਿਕ ਪੱਖੋਂ ਕਮਜ਼ੋਰ ਵਿਅਕਤੀ ਦਾ ਸਮਾਜ ਵਿਚ ਰੁਤਬਾ ਤੇ ਇੱਜ਼ਤ ਵੀ ਘੱਟ ਹੀ ਹੁੰਦੀ ਹੈ।

ਉਪਰੋਕਤ ਵਿਚਾਰ ਚਰਚਾ ਨੂੰ ਸਮੇਟਦੇ ਹੋਏ ਕਿਹਾ ਜਾ ਸਕਦਾ ਹੈ ਕਿ ਸਵਰਾਜਬੀਰ ਸਮਾਜ ਦੇ ਭਖ਼ਵੀਆਂ ਸਮੱਸਿਆਵਾਂ ਉੱਤੇ ਚਾਨਣਾ ਪਾਉਂਦਾ ਹੋਇਆ ਉਨ੍ਹਾਂ ਨੂੰ ਸੁਲਝਾਉਣ ਦਾ ਯਤਨ ਕਰਦਾ ਹੈ। ਅਜੋਕੇ ਸਮਾਜ ਦੀਆਂ ਮਨੋਵਿਗਿਆਨਕ ਪਰਤਾਂ ਨੂੰ ਖੋਲ੍ਹਦਾ ਸਫ਼ਲ ਨਾਟਕ ਹੈ। ਜਿਸ ਵਿੱਚ ਉਸਨੇ ਸਮਾਜ ਦੀਆਂ ਆਰਥਿਕ ਤੇ ਸਮਾਜਿਕ ਵਿਸੰਗਤੀਆਂ , ਰਿਸ਼ਤਿਆਂ ਵਿੱਚ ਪਈ ਦਰਾੜ , ਨੈਤਿਕ ਕਦਰਾਂ - ਕੀਮਤਾਂ ਵਿੱਚ ਗਿਰਾਵਟ , ਬੇਰੁਜ਼ਗਾਰੀ , ਗਰੀਬੀ , ਰਿਸ਼ਵਤਖੋਰੀ ਵਿੱਦਿਅਕ ਢਾਂਚੇ ਵਿੱਚ ਊਣਤਾਈਆਂ , ਲੋੜ ਤੋਂ ਵੱਧ ਖਰਚੇ ਕਾਰਨ ਕਰਜ਼ੇ ਦੀ ਸਮੱਸਿਆਂ ਆਦਿ ਵਿਸ਼ਿਆਂ ਨੂੰ ਬਾਖੂਬੀ ਚਿਤਰਨ ਕੀਤਾ ਹੈ। ਇਹ ਵੀ ਦ੍ਰਿੜ ਕਰਨ ਦਾ ਯਤਨ ਕੀਤਾ ਹੈ ਕਿ ਮਿਹਨਤ ਸਦਕਾ ਮਨੁੱਖ ਅਸੰਭਵ ਕੰਮ ਨੂੰ ਵੀ ਸੰਭਵ ਕਰ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਜਸਵੀਰ ਕੌਰ ,' ਪੰਜਾਬੀ ਨਾਟਕ ਵਿੱਚ ਸਵਰਾਜਬੀਰ ਦੇ ਨਾਟਕੀ ਸਰੋਕਾਰ' , ਪੰਜਾਬੀ ਨਾਟਕ ਤੇ ਰੰਗਮੰਚ ਪ੍ਰਾਪਤੀਆਂ ਤੇ ਸੰਭਾਵਨਾਵਾਂ , ( ਸੰਪਾਦਕ ਡਾ. ਅੰਮ੍ਰਿਤਪਾਲ ਕੌਰ ), ਪੰਨਾ 316
2. ਸਵਰਾਜਬੀਰ , ਕੱਲਰ ,ਪੰਨਾ 95
3. ਡਾ. ਜਸਵਿੰਦਰ ਸਿੰਘ , ਨਵੀਂ ਪੰਜਾਬੀ ਕਵਿਤਾ – ਪਛਾਣ ਚਿੰਨ੍ਹ , ਪੰਨਾ 220
4. ਸਵਰਾਜਬੀਰ , ਕੱਲਰ , ਪੰਨਾ 98
5. ਸਵਰਾਜਬੀਰ , ਕੱਲਰ , ਪੰਨਾ 46
6. ਉਹੀ , ਪੰਨਾ 17
7. ਉਹੀ , ਪੰਨਾ 32